**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਮਿਤੀ 17.12.2011 ਨੂੰ ਹੋਈ 47ਵੀਂ ਮੀਟਿੰਗ ਦੀ ਕਾਰਵਾਈ ।**

ਮਿਤੀ 17.12.2011 ਨੂੰ ਮੁੱਖ ਮੰਤਰੀ ਪੰਜਾਬ-ਕਮ-ਚੇਅਰਮੈਨ, ਪੁੱਡਾ ਸ਼੍ਰੀ ਪਰਕਾਸ਼ ਸਿੰਘ ਬਾਦਲ ਜੀ ਦੀ ਪ੍ਰਧਾਨਗੀ ਹੇਠ ਅਥਾਰਿਟੀ ਦੀ 47ਵੀਂ ਮੀਟਿੰਗ ਹੋਈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਵੀ ਭਾਗ ਲਿਆ:-

| ਲੜੀ ਨੰ | ਅਧਿਕਾਰੀ ਦਾ ਨਾਮ ਅਤੇ ਅਹੁਦਾ | ਅਹੁਦਾ |
|---|---|---|
| 1. | ਸ਼੍ਰੀ ਐਸ. ਸੀ. ਅਗਰਵਾਲ, ਆਈ.ਏ.ਐਸ.<br>ਮੁੱਖ ਸਕੱਤਰ, ਪੰਜਾਬ । | ਵਿਸ਼ੇਸ਼ ਮਹਿਮਾਨ |
| 2. | ਸ਼੍ਰੀ ਐਸ. ਕੇ. ਸੰਧੂ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ-ਕਮ- ਵਾਈਸ ਚੇਅਰਮੈਨ, ਪੁੱਡਾ। | ਵਾਈਸ ਚੇਅਰਮੈਨ |
| 3. | ਸ਼੍ਰੀ ਵਿਵੇਕ ਪ੍ਰਤਾਪ ਸਿੰਘ, ਆਈ.ਏ.ਐਸ.<br>ਵਿਸ਼ੇਸ਼ ਸਕੱਤਰ (ਵਿੱਤ), ਪੰਜਾਬ<br>(ਪ੍ਰਮੁੱਖ ਸਕੱਤਰ (ਵਿੱਤ), ਪੰਜਾਬ ਜੀ ਦਾ ਨੁਮਾਇੰਦਾ) | ਮੈਂਬਰ |
| 4. | ਸ਼੍ਰੀ ਰਮਿੰਦਰ ਸਿੰਘ, ਆਈ.ਏ.ਐਸ.<br>ਸਕੱਤਰ, ਸਥਾਨਕ ਸਰਕਾਰ, ਪੰਜਾਬ,<br>ਚੰਡੀਗੜ੍ਹ । | ਮੈਂਬਰ |
| 5. | ਸ਼੍ਰੀ ਅਰੁਨਜੀਤ ਸਿੰਘ ਮਿਗਲਾਨੀ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ. ਨਗਰ । | ਮੈਂਬਰ |
| 6. | ਸ਼੍ਰੀ ਕੁਲਦੀਪ ਸਿੰਘ,<br>ਮੁੱਖ ਨਗਰ ਯੋਜਨਾਕਾਰ, ਪੰਜਾਬ,<br>ਚੰਡੀਗੜ੍ਹ । | ਮੈਂਬਰ |

ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮਾਂ ਅਨੁਸਾਰ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ :-

**ਅਜੰਡਾ ਆਈਟਮ ਨੰ: 47.01**

**ਵਿਸ਼ਾ:** **ਪੰਜਾਬ ਸਹਿਰੀ ਯੋਜਨਾਂਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਦੀ 46ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਅਥਾਰਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰ: 47.02**

**ਵਿਸ਼ਾ:** **ਪੰਜਾਬ ਸਹਿਰੀ ਯੋਜਨਾਂਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਦੀ ਮਿਤੀ 23.09.2011 ਨੂੰ ਹੋਈ 45ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ਸਬੰਧੀ ਮੱਦਵਾਰ ਵਿਵਰਣ।**

ਅਥਾਰਟੀ ਵਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

**ਅਜੰਡਾ ਆਈਟਮ ਨੰ: 47.03**

**ਵਿਸਾ:-** **ਸਾਲ 2008-09 ਅਤੇ 2009-10 ਦੇ ਸੋਧੇ ਹੋਏ ਸਾਲਾਨਾਂ ਲੇਖਿਆਂ ਦੀ ਪ੍ਰਵਾਨਗੀ ਸਬੰਧੀ ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 47.04**

**ਵਿਸ਼ਾ:** **ਸਾਲ 2010-11 ਦੇ ਸਾਲਾਨਾਂ ਲੇਖੇ ਜੋਖੇ ਦੀ ਪ੍ਰਵਾਨਗੀ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰਬਰ: 47.05**

**ਵਿਸ਼ਾ:** **ਪੁੱਡਾ ਤੋਂ ਗਮਾਡਾ ਨੂੰ ਲੈਣਦਾਰੀਆਂ ਅਤੇ ਦੇਣਦਾਰੀਆਂ ਤਬਦੀਲ ਕਰਨ ਬਾਰੇ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 47.06**

**ਵਿਸ਼ਾ :** **ਪੁੱਡਾ ਵਲੋ ਸੋਸ਼ਲ ਇਨਫਰਾਸਟਰਕਚਰ ਫੰਡ (ਐਸ.ਆਈ.ਐਫ) ਵਿਚੋ ਮਿਤੀ 29.10.2011 ਤੋਂ 6.12.2011 ਤੱਕ ਜਾਰੀ ਕੀਤੀ ਰਕਮ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਨੋਟ ਕਰਨ ਉਪਰੰਤ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ ਅਥਾਰਿਟੀ ਵੱਲੋਂ ਮਿਤੀ 13.12.2011 ਨੂੰ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ 50.00 ਲੱਖ ਰੁਪਏ ਅਤੇ ਮਿਤੀ 17.12.2011 ਨੂੰ ਡਿਪਟੀ ਕਮਿਸ਼ਨਰ, ਬਠਿੰਡਾ ਨੂੰ 1.50 ਕਰੋੜ ਰੁਪਏ ਐਸ.ਆਈ.ਐਫ ਵਿੱਚੋਂ ਜਾਰੀ ਕੀਤੀ ਰਕਮ ਦੀ ਪ੍ਰਵਾਨਗੀ ਵੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 47.07**

**ਵਿਸ਼ਾ :** **ਪਟਿਆਲਾ ਜੋਨ ਅਧੀਨ ਆਉਂਦੇ ਸ਼ਹਿਰੀ ਮਿਲਖਾਂ ਵਿਖੇ ਵੱਖ-2 ਸ਼੍ਰੇਣੀ ਦੇ ਰਿਹਾਇਸ਼ੀ ਪਲਾਟਾਂ ਦੀ ਆਧਾਰ ਕੀਮਤ ਨਿਰਧਾਰਤ ਕਰਨ ਬਾਰੇ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 47.08**

**ਵਿਸ਼ਾ :** **ਛੋਟੀ ਬਰਾਦਰੀ (ਪੀ.ਆਈ.ਐਮ.ਐਸ. ਸਾਈਟ) ਜਲੰਧਰ ਦੇ ਰਿਹਾਇਸੀ ਪਲਾਟਾਂ ਦੇ ਰੇਟ ਨਿਰਧਾਰਤ ਕਰਨ ਬਾਰੇ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 47.09**

**ਵਿਸ਼ਾ :** **ਸਥਾਨਕ ਸਰਕਾਰ ਵਿਭਾਗ, ਪੰਜਾਬ ਅਧੀਨ ਗਠਿਤ PMIDC ਨੂੰ 11.80 ਕਰੋੜ ਰੁਪਏ ਦਾ ਕਰਜਾ ਦੇਣ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ ਅਥਾਰਿਟੀ ਨੇ ਇਹ ਵੀ ਚਾਹਿਆ ਕਿ **PMIDC** ਨੂੰ ਜੋ ਇਕਰਾਰਨਾਮੇ ਅਨੁਸਾਰ ਬਾਕੀ ਰਹਿੰਦੀ ਦੂਜੀ ਕਿਸ਼ਤ ਦੇ ਫ਼ੰਡ ਦੇਣ ਹਨ ਉਹ ਵੀ ਛੇਤੀ ਦੇ ਦਿੱਤੇ ਜਾਣ । ਇਸ ਸੰਬੰਧ ਵਿੱਚ ਮੁੱਖ ਪ੍ਰਸ਼ਾਸ਼ਕ, ਪੁੱਡਾ ਨੇ ਧਿਆਨ ਵਿੱਚ ਲਿਆਂਦਾ ਕਿ ਕਈ ਥਾਵਾਂ ਤੇ ਵਿਕਾਸ ਦੇ ਕੰਮ ਚਲ ਰਹੇ ਹਨ ਅਤੇ ਇਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਆਉਣ ਵਾਲੇ ਕੁਝ ਮਹੀਨੀਆਂ ਵਿੱਚ ਫੰਡਾਂ ਦੀ ਲੋੜ ਹੋਵੇਗੀ। ਇਸ ਤੋਂ ਇਲਾਵਾ ਹੋਰ ਕੰਮਾਂ ਲਈ ਫ਼ੰਡ ਦੇਣ ਦੀਆਂ ਡਿਮਾਂਡਾ ਵੀ ਆ ਰਹੀਆਂ ਹਨ । ਜੇਕਰ ਪੁੱਡਾ ਨੇ ਇਨ੍ਹਾਂ ਕੰਮਾਂ ਲਈ ਫ਼ੰਡ ਦੇਣ ਹਨ ਤਾਂ ਪੁੱਡਾ ਦੀ ਵਿੱਤੀ ਸਥਿਤੀ ਨੂੰ ਮੱਦੇ ਨਜ਼ਰ ਰੱਖਦੇ ਹੋਏ **PMIDC** ਨੂੰ ਪੁੱਡਾ ਵੱਲੋਂ ਜੋ ਲੋਨ ਦਿੱਤਾ ਜਾਣਾ ਹੈ ਉਸ ਵਿੱਚ ਤਕਰੀਬਨ 20.00 ਕਰੋੜ ਰੁਪਏ ਦੀ ਕਟੌਤੀ ਕਰਨੀ ਪਵੇਗੀ । ਇਸ ਲਈ ਇਹ 20.00 ਕਰੋੜ ਰੁਪਏ ਪੁੱਡਾ ਦੀ ਬਜਾਏ ਗਮਾਡਾ ਵੱਲੋਂ **PMIDC** ਨੂੰ ਦੇਣ ਬਾਰੇ ਵਿਚਾਰ ਕਰ ਲਿਆ ਜਾਵੇ । ਇਸ ਸੰਬੰਧੀ ਵਿਚਾਰ ਕਰਨ ਉਪਰੰਤ ਇਹ ਫ਼ੈਸਲਾ ਕੀਤਾ ਗਿਆ ਕਿ ਫ਼ਿਲਹਾਲ ਪਹਿਲੀ ਕਮਿਟਮੈਂਟ ਅਨੁਸਾਰ ਹੀ ਪੁੱਡਾ **PMIDC** ਨੂੰ

ਲੋਨ ਦੀ ਦੂਜੀ ਕਿਸ਼ਤ ਦੇ ਦੇਵੇ। ਜੇਕਰ ਬਾਅਦ ਵਿੱਚ ਪੁੱਡਾ ਨੂੰ ਫ਼ੰਡਾਂ ਦੀ ਲੋੜ ਹੋਵੇਗੀ ਤਾਂ ਗਮਾਡਾ ਪੁੱਡਾ ਨੂੰ ਲੋੜ ਅਨੁਸਾਰ ਫ਼ੰਡ ਟਰਾਂਸਫ਼ਰ ਕਰ ਦੇਵੇਗਾ ।

**ਅਜੰਡਾ ਆਈਟਮ ਨੰ: 47.10**

**ਵਿਸ਼ਾ:** **ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ੳ.ਯੂ.ਵੀ.ਜੀ.ਐਲ. ਸਕੀਮ ਅਧੀਨ ਰੀਹੈਬਲੀਟੇਸ਼ਨ ਅਤੇ ਮਾਈਨਰਜ਼ ਲਈ 15.00 ਕਰੋੜ ਰੁਪਏ ਦੀ ਜਾਰੀ ਕੀਤੀ ਰਕਮ ਦੀ ਕਾਰਜਬਾਅਦ ਪ੍ਰਵਾਨਗੀ ਲੈਣ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 47.11**

***ਵਿਸ਼ਾ:*** **ਪੁੱਡਾ ਵਲੋਂ ੳ.ਯੂ.ਵੀ.ਜੀ.ਐਲ. ਸਕੀਮ ਤਹਿਤ ਵੱਖ-ਵੱਖ ਕੰਮਾਂ ਲਈ ਕੀਤੀਆਂ ਅਦਾਇਗੀਆਂ ਦੀ ਕਾਰਜ ਬਾਅਦ ਪ੍ਰਵਾਨਗੀ ਸਬੰਧੀ। (ਮਿਤੀ 22-10-2011 ਤੋਂ 08-12-2011 ਤੱਕ)**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 47.12**

***ਵਿਸ਼ਾ:*** **ਮੁੱਖ ਮੰਤਰੀ ਰਾਹਤ ਕੋਸ਼ ਵਿਚ 50.00 ਲੱਖ ਰੁਪਏ ਦੀ ਰਾਸ਼ੀ ਦੀ ਅਦਾਇਗੀ ਦੀ ਕਾਰਜਬਾਅਦ ਪ੍ਰਵਾਨਗੀ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 47.13**

**ਵਿਸ਼ਾ: -** **ਪੁੱਡਾ ਤੋਂ ਗਲਾਡਾ ਨੂੰ ਲੈਣਦਾਰੀਆਂ ਅਤੇ ਦੇਣਦਾਰੀਆਂ ਤਬਦੀਲ ਕਰਨ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 47.14**

ਵਿਸ਼ਾ: - **ਮੁੱਖ ਲੇਖਾ ਅਫਸਰ ਦੀਆਂ ਪ੍ਰਤੀ ਨਿਯੁਕਤੀ ਕੋਟੇ ਦੀਆਂ ਅਸਾਮੀਆਂ ਨੂੰ ਪਦ ਉਨਤੀ ਦੀਆਂ ਅਸਾਮੀਆਂ ਵਿੱਚ ਤਬਦੀਲ ਕਰਨ ਮਗਰੋਂ ਇਸ ਅਸਾਮੀ ਤੇ ਪਦ ਉਨਤੀ ਦੇ ਰਾਖਵੇਂ ਤਜਰਬੇ ਨੂੰ 5 ਸਾਲ ਤੋਂ ਘਟਾ ਕੇ 3 ਸਾਲ ਕਰਨ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 47.15**

**ਵਿਸ਼ਾ:-** **ਉਪ ਮੰਡਲ ਇੰਜੀਨੀਅਰਾਂ ਅਤੇ ਜੂਨੀਅਰ ਇੰਜੀਨੀਅਰਾਂ ਨੂੰ ਪਰਪਲਸ਼ਨ ਚਾਰਜਿਜ਼ ਦੇਣ ਸੰਬੰਧੀ ।**

ਅਥਾਰਿਟੀ ਵੱਲੋਂ ਇਸ ਮੱਦ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਇਹ ਫ਼ੈਸਲਾ ਕੀਤਾ ਗਿਆ ਕਿ ਜੂਨੀਅਰ ਇੰਜੀਨੀਅਰਾਂ ਨੂੰ ਪੈਟਰੌਲ ਦਾ ਖਰਚਾ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਜਾਰੀ ਕੀਤੀ ਗਈ

ਨੋਟੀਫ਼ਿਕੇਸ਼ਨ ਮਿਤੀ 01.12.2011 ਅਨੁਸਾਰ ਪੁੱਡਾ ਵਿੱਚ ਲਾਗੂ ਕਰ ਦਿੱਤਾ ਜਾਵੇ । ਜਿੱਥੋਂ ਤੱਕ ਉਪ ਮੰਡਲ ਇੰਜੀਨੀਅਰਾਂ ਨੂੰ ਪੈਟਰੌਲ ਖਰਚਾ ਦੇਣ ਦਾ ਸੰਬੰਧ ਹੈ, ਅਥਾਰਿਟੀ ਵੱਲੋਂ ਉਪ ਮੰਡਲ ਇੰਜੀਨੀਅਰਾਂ ਨੂੰ 4000 ਰੁਪਏ ਪ੍ਰਤੀ ਮਹੀਨਾ ਪੈਟਰੌਲ/ਡੀਜ਼ਲ ਦੇ ਖਰਚੇ ਦੇ ਇਵਜ਼ ਵਜੋਂ ਦੇਣ ਦੀ ਪ੍ਰਵਾਨਗੀ ਦਿੱਤੀ ਗਈ । ਇਸ ਅਨੁਸਾਰ ਜਿਹੜੇ ਅਧਿਕਾਰੀ ਇਹ ਰਕਮ ਲੈਣਾ ਚਾਹੁੰਣਗੇ ਉਨ੍ਹਾਂ ਨੂੰ ਕੰਨਵੇਂਸ ਅਲਾਊਂਸ ਨਹੀਂ ਦਿੱਤਾ ਜਾਵੇਗਾ ।

**ਸਪੈਸ਼ਲ ਆਈਟਮ ਨੰ:01**

**ਵਿਸ਼ਾ:- ਅੰਮ੍ਰਿਤਸਰ ਜੇਲ੍ਹ ਦੀ ਜ਼ਮੀਨ ਦੀ ਵਰਤੋਂ ਸੰਬੰਧੀ ਟੇਬਲ ਆਈਟਮ ।**

ਇਹ ਮਾਮਲਾ ਪ੍ਰਧਾਨ ਜੀ ਦੀ ਆਗਿਆ ਨਾਲ ਬਤੌਰ ਸਪੈਸ਼ਲ ਆਈਟਮ ਵਿਚਾਰਿਆ ਗਿਆ । ਅਥਾਰਿਟੀ ਦੇ ਨੋਟਿਸ ਵਿੱਚ ਲਿਆਦਾ ਗਿਆ ਕਿ ਪੀ.ਆਈ.ਡੀ.ਬੀ. ਨੂੰ ਅੰਮ੍ਰਿਤਸਰ ਜੇਲ੍ਹ ਦੀ ਜੋ 17 ਏਕੜ ਜ਼ਮੀਨ ਤਬਦੀਲ ਹੋਈ ਸੀ ਉਹ ਹੁਣ ਪੁੱਡਾ ਨੂੰ ਵਿਕਸਿਤ ਕਰਨ ਲਈ ਪੀ.ਆਈ.ਡੀ.ਬੀ. ਵੱਲੋਂ ਸੌਂਪੀ ਗਈ ਹੈ । ਇਹ ਜ਼ਮੀਨ 2 ਪਾਕਿਟਾਂ ਵਿੱਚ ਹੈ, ਇੱਕ 10 ਏਕੜ ਅਤੇ ਦੂਸਰੀ 7 ਏਕੜ । ਇਸ ਜ਼ਮੀਨ ਵਿੱਚ ਰਿਹਾਇਸ਼ੀ ਪਲਾਟ, ਵਪਾਰਕ ਐਸ.ਸੀ.ਓ., ਹੋਟਲ ਸਾਈਟ ਅਤੇ ਸ਼ਪਿੰਗ ਮਾਲ ਡਿਵੈਲਪ ਕਰਨ ਦੀ ਤਜਵੀਜ਼ ਪੁੱਡਾ ਦੇ ਵਿਚਾਰ ਅਧੀਨ ਹੈ । ਅਥਾਰਿਟੀ ਵੱਲੋਂ ਇਸ ਬਾਰੇ ਵਿਚਾਰ ਕਰਨ ਉਪਰੰਤ ਫ਼ੈਸਲਾ ਕੀਤਾ ਗਿਆ ਕਿ ਜੋ 10 ਏਕੜ ਦੀ ਪਾਕਿਟ ਹੈ ਉਹ ਟਰੇਡ ਸੈਂਟਰ ਬਨਾਉਣ ਲਈ ਰਿਜ਼ਰਵ ਰੱਖ ਲਈ ਜਾਵੇ । ਇਸ ਥਾਂ ਤੇ ਉਦਯੋਗ ਵਿਭਾਗ ਦੀ ਸਲਾਹ ਅਨੁਸਾਰ ਪੀ.ਆਈ.ਡੀ.ਬੀ. ਰਾਹੀਂ ਪੀ.ਪੀ.ਪੀ. ਮੋਡ ਵਿੱਚ ਇੱਕ ਆਧੁਨਿਕ ਟਰੇਡ ਸੈਂਟਰ/ਕੰਨਵੈਸ਼ਨ ਸੈਂਟਰ ਬਣਾਇਆ ਜਾਵੇਗਾ ਜਿਸ ਵਿੱਚ ਐਗਜ਼ੀਬੀਸ਼ਨ ਹਾਲ, ਕੰਨਵੈਂਸ਼ਨ ਸੈਂਟਰ, ਹੋਟਲ ਵਗੈਰਾ ਅਤੇ ਹੋਰ ਸਾਰੀਆਂ ਸੰਬੰਧਤ ਸੁਵਿਧਾਵਾਂ ਉਪਲੱਬਧ ਹੋਣਗੀਆਂ ।

ਸੀਨੀਅਰ ਨਗਰ ਯੋਜਨਕਾਰ ਵੱਲੋਂ ਦੱਸਿਆ ਗਿਆ ਕਿ ਇਸ ਜ਼ਮੀਨ ਦੇ ਪਿਛਲੇ ਪਾਸੇ ਜੇਲ੍ਹ ਵਿਭਾਗ ਦੀ ਤਕਰੀਬਨ 25 ਏਕੜ ਹੋਰ ਭੌਂ ਉਪਲੱਬਧ ਹੈ ਜੋ ਕਿ ਓ.ਯੂ.ਵੀ.ਜੀ.ਐਲ. ਸਕੀਮ ਅਧੀਨ ਵਰਤੀ ਜਾ ਸਕਦੀ ਹੈ । ਅਥਾਰਿਟੀ ਵੱਲੋਂ ਇਸ ਸੁਝਾਅ ਨੂੰ ਪ੍ਰਵਾਨ ਕਰਦੇ ਹੋਏ ਫ਼ੈਸਲਾ ਲਿਆ ਗਿਆ ਕਿ ਜੇਲ੍ਹ ਵਿਭਾਗ ਦੀ ਇਹ ਜ਼ਮੀਨ ਪੁੱਡਾ ਨੂੰ ਟ੍ਰਾਂਸਫ਼ਰ ਕਰਨਾ ਉਚਿੱਤ ਹੋਵੇਗਾ । ਇਸ ਸੰਬੰਧੀ ਓ.ਯੂ.ਵੀ.ਜੀ.ਐਲ. ਦੀ ਐਮਪਾਵਰਡ ਕਮੇਟੀ ਵੱਲੋਂ ਫ਼ਾਰਮਲ ਪ੍ਰਵਾਨਗੀ ਲੈ ਲਈ ਜਾਵੇ ।

***ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ ।***

**ਪਰਕਾਸ਼ ਸਿੰਘ ਬਾਦਲ**
**ਮੁੱਖ ਮੰਤਰੀ, ਪੰਜਾਬ-ਕਮ-**
**ਚੇਅਰਮੈਨ, ਪੁੱਡਾ।**